# ਕੋਲਾਈਟਿਸ ਅਤੇ ਕ੍ਰੋਹਨ ਰੋਗ ਨੂੰ ਸਮਝਣਾ

Understanding Colitis and Crohn's Disease
Language - Punjabi

ਦੀ ਨੈਸ਼ਨਲ ਐਸੋਸੀਏਸ਼ਨ ਫ਼ਾਰ ਕੋਲਾਈਟਿਸ ਐਂਡ ਕ੍ਰੋਹਨਜ਼ ਡਿਜ਼ੀਜ਼
**The National Association for Colitis and Crohn's Disease (NACC)** 4 Beaumont House, Sutton Road, St Albans, Hertfordshire, AL1 5HH.

| | |
|---|---|
| ਸੂਚਨਾ ਲਾਈਨ | 0845 130 2233 |
| ਪ੍ਰਬੰਧ | 01727 830038 |
| ਫ਼ੈਕਸ | 01727 862550 |
| N-i-C ਸਹਾਇਤਾ ਲਾਈਨ | 0845 130 3344 |

ਵੈਬ-ਸਾਈਟ: www.nacc.org.uk
ਈਮੇਲ: nacc@nacc.org.uk

© NACC 2004
ਰਜਿਸਟਰਸ਼ੁਦਾ ਖ਼ੈਰਾਤੀ ਸੰਸਥਾ ਨੰ: 282732

## ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ (ਕੋਲਾਈਟਿਸ) ਅਤੇ ਕ੍ਰੋਹਨ ਰੋਗ ਨੂੰ ਸਮਝਣਾ

ਜੇਕਰ ਤੁਹਾਨੂੰ ਪਿਛਲੇ ਦਿਨਾਂ ਦੱਸਿਆ ਗਿਆ ਹੈ ਕਿ ਤੁਹਾਡੀ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ (Ulcerative Colitis) ਹੈ ਜਾਂ ਤੁਹਾਨੂੰ ਕ੍ਰੋਹਨ ਰੋਗ (Crohn's Disease) ਹੈ ਤਾਂ ਤੁਹਾਡੀ ਪਹਿਲੀ ਪ੍ਰਤਿਕਿਰਿਆ ਇਸ ਤਸੱਲੀ ਦੀ ਰਹੀ ਹੋਵੇਗੀ ਕਿ ਅਖੀਰ ਤਸ਼ਖ਼ੀਸ ਹੋ ਗਈ ਕਿ ਤੁਸੀਂ ਥੱਕੇ ਥੱਕੇ ਤੇ ਢਿੱਲੇ ਕਿਉਂ ਰਹਿੰਦੇ ਸੀ। ਹੁਣ ਤੁਹਾਡੇ ਆਪਣੇ ਮਨ ਵਿੱਚ ਸਾਰਾ ਜੀਵਣ ਪ੍ਰਭਾਵਿਤ ਕਰਨ ਵਾਲੀ ਇਸ ਬਿਮਾਰੀ ਦੇ ਨਾਲ ਜਿਊਂਣ ਬਾਰੇ ਕਈ ਪ੍ਰਸ਼ਨ ਉੱਠਦੇ ਹੋਣਗੇ। ਸਾਨੂੰ ਆਸ ਹੈ ਕਿ ਆਪਣੀ ਸਥਿਤੀ ਬਾਰੇ ਵਧੇਰੇ ਸਮਝਣ ਵਿੱਚ, ਤੁਸੀਂ ਆਪ ਆਪਣੀ ਸਹਾਇਤਾ ਕਿਵੇਂ ਕਰ ਸਕਦੇ ਹੋ ਅਤੇ ਤੁਸੀਂ ਆਪਣੇ ਡਾਕਟਰ ਦੁਆਰਾ ਕਿਸ ਪ੍ਰਕਾਰ ਦੇ ਇਲਾਜ ਦੇ ਨਿਸ਼ਚਿਤ ਹੋਣ ਦੀ ਆਸ ਕਰ ਸਕਦੇ ਹੋ, ਦੇ ਲਈ ਇਹ ਲੀਫ਼ਲੈੱਟ ਤੁਹਾਡੀ ਸਹਾਇਤਾ ਕਰੇਗਾ।

## ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਅਤੇ ਕ੍ਰੋਹਨ ਰੋਗ ਸੱਚ-ਮੁੱਚ ਕੀ ਹਨ?

ਇਹ ਦੋਵੇਂ ਸਥਿਤੀਆਂ ਵੱਡੀ ਆਂਦਰ ਦੇ ਸੋਜ਼ਸ਼ ਰੋਗ (Inflammatory Bowel Disease — iBD) ਹੇਠ ਆਉਂਦੀਆਂ ਹਨ ਕਿਉਂਕਿ ਦੋਹਾਂ ਵਿੱਚ ਆਂਦਰਾਂ ਫੁੱਲ ਜਾਂਦੀਆਂ ਹਨ, ਉਨ੍ਹਾਂ ਵਿੱਚ ਸੋਜ਼ਸ਼ ਹੁੰਦੀ ਹੈ ਅਤੇ ਜ਼ਖ਼ਮ ਹੁੰਦੇ ਹਨ। ਲੱਛਣਾਂ ਵਿੱਚ ਪੇਟ ਵਿੱਚ ਦਰਦ, ਭਾਰ ਦਾ ਘੱਟਣਾ, ਦਸਤ (ਕਈ ਵਾਰ ਲਹੂ ਜਾਂ ਲੇਸ ਦੇ ਨਾਲ) ਅਤੇ ਥਕਾਵਟ ਸ਼ਾਮਲ ਹਨ। ਕੁਝ ਲੋਕ ਜੋੜਾਂ ਵਿੱਚ ਸੋਜ਼ਸ਼, ਮੂੰਹ ਵਿੱਚ ਜ਼ਖ਼ਮ, ਸੁੱਜੀਆਂ ਅੱਖਾਂ ਜਾਂ ਸਰੀਰ ਤੇ ਛਪਾਕੀ ਵੀ ਅਨੁਭਵ ਕਰਦੇ ਹਨ। ਬੰਦੇ ਬੰਦੇ ਵਿੱਚ ਲੱਛਣਾਂ ਵਿੱਚ ਅੰਤਰ ਹੋਵੇਗਾ ਅਤੇ ਵੱਖ ਵੱਖ ਸਮੇ ਤੇ ਇਨ੍ਹਾਂ ਦੀ ਤੀਬਰਤਾ ਵੱਧ ਸਕਦੀ ਹੈ ਜਾਂ ਇਨ੍ਹਾਂ ਨੂੰ ਅਰਾਮ ਹੋ ਸਕਦਾ ਹੈ। ਕਈ ਰੋਗੀ ਕੁਝ ਸਮੇ ਲਈ ਅਰਾਮ ਵਿੱਚ ਹੋਣਗੇ ਜਦੋਂ ਉਨ੍ਹਾਂ ਵਿੱਚ ਇਹ ਲੱਛਣ ਨਹੀਂ ਹੁੰਦੇ।

ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਅਤੇ ਕ੍ਰੋਹਨ ਰੋਗ ਵਿੱਚ ਅੰਤਰ ਹੈ ਜਿਨ੍ਹਾਂ ਦੇ ਕਾਰਨ ਤੁਹਾਡਾ ਇਲਾਜ ਕੀ ਹੋਵੇਗਾ, ਇਸ ਵਿੱਚ ਫ਼ਰਕ ਪੈ ਸਕਦਾ ਹੈ।

| | ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ | ਕ੍ਰੋਹਨ ਰੋਗ |
|---|---|---|
| ਪ੍ਰਭਾਵਿਤ ਭਾਗ | ਕੇਵਲ ਵੱਡੀ ਆਂਦਰ | ਮੂੰਹ ਤੋਂ ਲੈ ਕੇ ਗੁਦਾ ਤੱਕ ਪਾਚਨ ਪ੍ਰਣਾਲੀ ਦਾ ਕੋਈ ਵੀ ਭਾਗ |
| ਸੋਜ਼ਸ਼ | ਵੱਡੀ ਆਂਦਰ ਦੀ ਕੇਵਲ ਅੰਦਰਲੀ ਤਹਿ ਵਿੱਚ ਸੋਜ਼ਸ਼ | ਵੱਡੀ ਆਂਦਰ ਦੀਆਂ ਸਾਰੀਆਂ ਤਹਿਆਂ ਵਿੱਚ ਸੋਜ਼ਸ਼ ਹੋ ਸਕਦੀ ਹੈ |

*ਕਈ ਵਾਰ ਜ਼ਖ਼ਮ ਤੇ ਸੋਜ਼ਸ਼ ਕੇਵਲ ਮਲਾਸ਼ੇ ਤੱਕ ਹੀ ਸੀਮਿਤ ਹੁੰਦੇ ਹਨ; ਤਾਂ ਇਸ ਨੂੰ ਮਲਾਸ਼ੇ ਦੀ ਸੋਜ਼ਸ਼ (ਪ੍ਰੌਕਟਾਈਟਿਸ) ਕਹਿੰਦੇ ਹਨ।*

ਕਈ ਵਾਰ ਲੋਕ ਵੱਡੀ ਆਂਦਰ ਦੀ ਸੋਜ਼ਸ਼ ਰੋਗ (IBD) ਅਤੇ ਵੱਡੀ ਆਂਦਰ ਵਿੱਚ ਜਲਣ ਦੇ ਲੱਛਣ ਸਮੂਹ (Irritable Bowel Syndrome — IBS) ਵਿੱਚ ਫ਼ਰਕ ਨਹੀਂ ਕਰ ਸਕਦੇ। ਇਹ ਦੋਵੇਂ ਵੱਖ ਹਨ ਅਤੇ ਇਸ ਲਈ ਇਨ੍ਹਾਂ ਦਾ ਇਲਾਜ ਵੀ ਵੱਖਰਾ ਹੁੰਦਾ ਹੈ।



## ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ (UC) ਜਾਂ ਕ੍ਰੋਹਨ ਰੋਗ ਦੀ ਪਛਾਣ ਨੂੰ ਪੱਕਾ ਕਰਨ ਲਈ ਕਿਹੜੇ ਟੈੱਸਟ ਵਰਤੋਂ ਵਿੱਚ ਆਉਂਦੇ ਹਨ?

ਕੋਈ ਵੀ ਇਹੋ ਜਿਹਾ ਖ਼ੂਨ ਦਾ ਟੈੱਸਟ ਨਹੀਂ ਹੈ ਜਿਹੜਾ ਆਪਣੇ ਆਪ ਵਿੱਚ ਇਹ ਦੱਸ ਸਕੇ ਕਿ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਹੈ ਜਾਂ ਕ੍ਰੋਹਨ ਰੋਗ ਹੈ ਪਰੰਤੂ ਖ਼ੂਨ ਦੇ ਟੈੱਸਟ ਇਹ ਵੇਖਣ ਦੇ ਕੰਮ ਆਉਂਦੇ ਹਨ ਕਿ ਕੀ ਖ਼ੂਨ, ਵਿਟਾਮਿਨ ਜਾਂ ਖਣਿਜਾਂ ਵਿੱਚ ਕੋਈ ਘਾਟ ਹੈ ਅਤੇ ਸੋਜ਼ਸ਼ ਦੀ ਤੀਬਰਤਾ ਕਿੰਨੀ ਹੈ।

ਸਧਾਰਨ ਤੌਰ ਤੇ ਤਸ਼ਖ਼ੀਸ ਨੂੰ ਪੱਕਾ ਕਰਨ ਲਈ ਕਿ ਆਂਦਰਾਂ ਦਾ ਕਿਹੜਾ ਭਾਗ ਪ੍ਰਭਾਵਿਤ ਹੈ ਅਤੇ ਰੋਗ ਕਿੰਨਾ ਕੁ ਕਿਰਿਆਸ਼ੀਲ ਹੈ, ਤੁਹਾਡੀ ਐਕਸ-ਰੇ ਪਰੀਖਿਆ ਕੀਤੀ ਜਾਏਗੀ। ਡਾਕਟਰ ਤੁਹਾਡੇ ਪਿਛਲੇ ਰਾਹ ਦੀ ਜਾਂਚ ਕਰਨ ਦਾ ਫ਼ੈਸਲਾ ਕਰ ਸਕਦਾ ਹੈ ਜਿਸ ਲਈ ਉਹ *ਸਿਗਮੋਇਡੋਸਕੋਪ* (*sigmoidoscope*) ਜੋ ਇੱਕ ਸਖ਼ਤ ਜਾਂ ਲਚਕਦਾਰ ਪ੍ਰਕਾਸ਼ ਕਰਨ ਵਾਲੀ ਨਲਕੀ ਹੈ ਜਾਂ *ਕੋਲਨੋਸਕੋਪ* (*colonoscope*) ਜਿਹੜੀ ਇੱਕ ਲੰਮੀ ਲਚਕਦਾਰ ਨਲਕੀ ਹੈ ਨੂੰ ਵਰਤੋਂ ਵਿੱਚ ਲਿਆਏਗਾ ਜਿਨ੍ਹਾਂ ਨਾਲ ਉਹ ਮਲਾਸ਼ੇ ਤੇ ਵੱਡੀ ਆਂਦਰ ਦੇ ਅਖੀਰਲੇ ਭਾਗ ਨੂੰ ਅੰਦਰੋਂ ਵੇਖ ਸਕਦਾ ਹੈ।

ਸਧਾਰਨ ਤੌਰ ਤੇ ਵੱਡੀ ਆਂਦਰ ਦੇ ਜ਼ਖ਼ਮ ਤੇ ਸੋਜ਼ਸ਼ ਜਾਂ ਕ੍ਰੋਹਨ ਰੋਗ ਦੀ ਪਛਾਣ ਨੂੰ ਨਿਸ਼ਚਿਤ ਕਰਨ ਲਈ ਸਮਾ ਲੱਗ ਸਕਦਾ ਹੈ ਕਿਉਂਕਿ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਦੂਜੀਆਂ ਬਿਮਾਰੀਆਂ ਜਿਵੇਂ ਕਿ ਵੱਡੀ ਆਂਦਰ ਵਿੱਚ ਕੋਈ ਲਾਗ ਤਾਂ ਨਹੀਂ ਹੈ।



## ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਅਤੇ ਕ੍ਰੋਹਨ ਰੋਗ ਦੇ ਕਾਰਨ ਕੀ ਹਨ?

ਭਾਵੇਂ ਬਹੁਤ ਖੋਜ ਕੀਤੀ ਜਾ ਚੁੱਕੀ ਹੈ, ਅਜੇ ਤੱਕ ਕਾਰਨ ਪਤਾ ਨਹੀਂ ਚੱਲੇ ਹਨ। ਕਈ ਸੁਝਾਅ ਹਨ ਜਿਵੇਂ ਕਿ ਵਾਇਰਸ, ਬੈਕਟੀਰੀਆ, ਖੁਰਾਕ, ਮਾਨਸਿਕ ਤਣਾਅ ਅਤੇ ਤਮਾਕੂ ਦੀ ਵਰਤੋਂ, ਪਰੰਤੂ ਕੋਈ ਪੱਕਾ ਸਬੂਤ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕਿਹੜਾ ਇੱਕ ਵੱਡੀ ਆਂਦਰ ਦੇ ਸੋਜ਼ਸ਼ ਰੋਗ ਦਾ ਕਾਰਨ ਹੈ।

## ਇਨ੍ਹਾਂ ਬਿਮਾਰੀਆਂ ਤੋਂ ਕੌਣ ਪ੍ਰਭਾਵਿਤ ਹੁੰਦੇ ਹਨ?

ਯੂਕੇ ਵਿੱਚ 150,000 ਲੋਕ UC ਤੇ ਕ੍ਰੋਹਨ ਰੋਗ ਤੋਂ ਪੀੜਿਤ ਹਨ। ਇਹ ਬਿਮਾਰੀਆਂ ਕਿਸੇ ਵੀ ਉਮਰ ਤੇ ਹੋ ਸਕਦੀਆਂ ਹਨ, ਪਰੰਤੂ ਵਧੇਰੇ ਕਰਕੇ 15 ਤੋਂ 40 ਸਾਲ ਦੀ ਉਮਰ ਦੇ ਲੋਕਾਂ ਵਿੱਚ ਸ਼ੁਰੂ ਹੁੰਦੀਆਂ ਹਨ। ਹਰ ਸਾਲ 8,000 ਤੋਂ ਵੱਧ ਲੋਕ ਪ੍ਰਭਾਵਿਤ ਹੁੰਦੇ ਹਨ ਅਤੇ ਖੋਜ ਤੋਂ ਪਤਾ ਚੱਲਿਆ ਹੈ ਕਿ ਕ੍ਰੋਹਨ ਰੋਗ ਤੋਂ ਪ੍ਰਭਾਵਿਤ ਲੋਕਾਂ, ਵਿਸ਼ੇਸ਼ ਕਰਕੇ ਯੁਵਕ ਵਰਗ ਦੀ ਗਿਣਤੀ ਵੱਧ ਰਹੀ ਹੈ। ਦੋਵੇਂ ਬਿਮਾਰੀਆਂ ਸਾਰੇ ਸੰਸਾਰ ਵਿੱਚ ਫੈਲੀਆਂ ਹਨ, ਪਰੰਤੂ ਪੱਛਮੀ ਦੇਸਾਂ ਵਿੱਚ ਵਧੇਰੇ ਆਮ ਹਨ।

## ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਦਾ ਇਲਾਜ ਕਿਵੇਂ ਹੁੰਦਾ ਹੈ?

ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਦਾ ਇਲਾਜ ਉਸ ਦੀ ਤੀਬਰਤਾ ਤੇ ਨਿਰਭਰ ਕਰਦਾ ਹੈ। ਹਲਕੇ ਪ੍ਰਭਾਵ ਦਾ ਇਲਾਜ ਸਟੀਰੌਇਡਜ਼ ਨੂੰ ਅਨੀਮਾ ਰਾਹੀਂ ਜਾਂ ਉਸ ਦੀਆਂ ਗੋਲੀਆਂ ਨੂੰ ਪਿਛਲੇ ਰਾਹ ਵਿੱਚ ਸਿੱਧੇ ਹੀ ਰੱਖ ਕੇ ਕੀਤਾ ਜਾ ਸਕਦਾ ਹੈ। ਵੱਡੀ ਆਂਦਰ ਵਿੱਚ ਸੋਜ਼ਸ਼ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ ਇਸ ਇਲਾਜ ਨੂੰ ਸਟੀਰੌਇਡਜ਼ ਨੂੰ ਮੂੰਹ ਰਾਹੀਂ ਖੁਆ ਕੇ ਵਧੇਰੇ ਪ੍ਰਭਾਵਕਾਰੀ ਕੀਤਾ ਜਾਂਦਾ ਹੈ। ਦੁਬਾਰਾ ਹੋਣ ਦੀ ਸੰਭਾਵਨਾ ਨੂੰ ਘਟਾਉਣ ਲਈ ਸਲਫ਼ਾਸੈਲਾਜ਼ੀਨ (sulphasalazine) ਨਾਂ ਦੀ ਦਵਾਈ ਅਕਸਰ ਦਿੱਤੀ ਜਾਂਦੀ ਹੈ ਅਤੇ ਇਸ ਨਾਲ ਵੱਡੀ ਆਂਦਰ ਵਿੱਚ ਘੱਟ ਜ਼ਖ਼ਮ ਤੇ ਹਲਕੀ ਸੋਜ਼ਸ਼ ਦੇ ਇਲਾਜ ਵਿੱਚ ਵੀ ਸਹਾਇਤਾ ਮਿਲਦੀ ਹੈ। ਸਲਫ਼ਾਸੈਲਾਜ਼ੀਨ ਦੇ ਕਿਰਿਆਸ਼ੀਲ ਤੱਤ ਨੂੰ ਹੁਣ ਮੈਸਲਾਜ਼ੀਨ (mesalazine) ਅਤੇ ਔਲਸੈਲਾਜ਼ੀਨ (olsalazine) ਦੀ ਤਰ੍ਹਾਂ ਵੀ ਕੰਮ ਵਿੱਚ ਲਿਆ ਜਾਂਦਾ ਹੈ ਅਤੇ ਇਨ੍ਹਾਂ ਦਵਾਈਆਂ ਦੀ ਵਰਤੋਂ ਸਲਫ਼ਾਸੈਲਾਜ਼ੀਨ ਦੀ ਥਾਂ ਤੇ ਵੱਧ ਕੀਤੀ ਜਾਣ ਲੱਗੀ ਹੈ। ਕਦੀ ਕਦਾਈਂ ਦੁਖਦਾਈ ਕਬਜ਼ ਸਮੱਸਿਆ ਬਣ ਸਕਦਾ ਹੈ ਅਤੇ ਉਸ ਤੋਂ ਅਰਾਮ ਲਈ ਦਸਤਾਵਰ ਦਵਾਈ ਦਿੱਤੀ ਜਾ ਸਕਦੀ ਹੈ।

ਤੀਬਰ ਸਥਿਤੀ ਵਿੱਚ ਕਈ ਵਾਰ ਹਸਪਤਾਲ ਵਿੱਚ ਇਲਾਜ ਦੀ ਲੋੜ ਪੈਂਦੀ ਹੈ। ਉਦੋਂ ਸਟੀਰੌਇਡਜ਼ ਨੂੰ ਸਿੱਧੇ ਹੀ ਨਾੜੀ ਵਿੱਚ ਦਿੱਤਾ ਜਾਂਦਾ ਹੈ ਅਤੇ ਜੇਕਰ ਤੁਹਾਡੇ ਵਿੱਚ ਪਾਣੀ ਦੀ ਘਾਟ ਹੋ ਗਈ ਹੈ ਤਾਂ ਇਸ ਨੂੰ ਜਲ-ਰੂਪ ਪਦਾਰਥ ਨਾਲ ਮਿਲਾ ਦਿੱਤਾ ਜਾਂਦਾ ਹੈ। ਜੇਕਰ ਦਵਾਈਆਂ ਪ੍ਰਭਾਵਕਾਰੀ ਸਿੱਧ ਨਾ ਹੋਣ ਅਤੇ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਬਹੁਤ ਵੱਧ ਹੈ ਤਾਂ ਪੂਰੀ ਵੱਡੀ ਆਂਦਰ ਜਾਂ ਉਸ ਦੇ ਭਾਗ ਨੂੰ ਅਖੀਰ ਕੱਢਣ ਲਈ ਉਪਰੇਸ਼ਨ ਕਰਨ ਦੀ ਸਲਾਹ ਦਿੱਤੀ ਜਾ ਸਕਦੀ ਹੈ। ਇਸ ਦੇ ਲਈ ਆਮ ਕਰਕੇ ਏਨਾ ਸਮਾ ਮਿਲ ਜਾਂਦਾ ਹੈ ਕਿ ਰੋਗੀ, ਉਸ ਦੇ ਪਰਵਾਰ ਦੇ ਲੋਕਾਂ ਅਤੇ ਡਾਕਟਰ ਦਰਮਿਆਨ ਗੱਲ-ਬਾਤ ਕੀਤੀ ਜਾ ਸਕੇ ਅਤੇ ਉਪਰੇਸ਼ਨ ਉਪਰੰਤ ਦੇਖ-ਭਾਲ ਕਰਨ ਵਾਲੀ ਨਰਸ ਜਾਂ ਇਹੋ ਜਿਹੇ ਰੋਗੀ ਜਿਸਦਾ ਪਹਿਲਾਂ ਉਪਰੇਸ਼ਨ ਹੋ ਚੁੱਕਿਆ ਹੈ ਨਾਲ ਗੱਲ ਕਰਨ ਦਾ ਮੌਕਾ ਮਿਲ ਸਕਦਾ ਹੈ।

ਇਸ ਪ੍ਰਕਾਰ ਦੇ ਉਪਰੇਸ਼ਨ ਨਾਲ ਦੁਬਾਰਾ ਲੱਛਣ ਹੋਣ ਦੀ ਸੰਭਾਵਨਾ ਨੂੰ ਸਮਾਪਤ ਕੀਤਾ ਜਾ ਸਕਦਾ ਹੈ ਅਤੇ ਕਈ ਲੋਕਾਂ ਨੂੰ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਦੇ ਲੱਛਣਾਂ ਦੇ ਅਨੁਭਵ ਦੇ ਮੁਕਾਬਲੇ ਇਸ ਦੀ ਥਾਂ ਤੇ ਛੋਟੀ ਆਂਦਰ ਦੇ ਅੰਤਮ ਭਾਗ ਨੂੰ ਕੱਢਣ ਦੇ ਉਪਰੇਸ਼ਨ 'ਸਟੋਮਾ' (stoma) ਜਾਂ 'ਥੈਲੀ' ਲਗਾਉਣ ਮਗਰੋਂ ਚੰਗਾ ਲੱਗਿਆ ਹੈ। (ਇਸ ਬਾਰੇ ਵਧੇਰੇ ਜਾਣਕਾਰੀ NACC ਦੀ Ulcerative Colitis 'ਤੇ ਦੂਜੀ ਪੁਸਤਿਕਾ ਵਿੱਚ ਸ਼ਾਮਲ ਹੈ।)



## ਕ੍ਰੋਹਨ ਰੋਗ ਦਾ ਇਲਾਜ ਕਿਵੇਂ ਹੁੰਦਾ ਹੈ?

ਕ੍ਰੋਹਨ ਰੋਗ ਦਾ ਇਲਾਜ ਇਸ 'ਤੇ ਨਿਰਭਰ ਕਰਦਾ ਹੈ ਕਿ ਵੱਡੀ ਆਂਦਰ ਦਾ ਕਿਹੜਾ ਭਾਗ ਤੇ ਕਿੰਨਾ ਪ੍ਰਭਾਵਿਤ ਹੈ। ਕਈ ਲੋਕਾਂ ਨੂੰ ਕੇਵਲ ਦਸਤ ਦੇ ਲੱਛਣਾਂ ਨੂੰ ਰੋਕਣ ਦੇ ਇਲਾਜ ਦੀ ਹੀ ਲੋੜ ਪੈਂਦੀ ਹੈ ਜਿਸ ਲਈ ਕੋਡੀਨ ਫ਼ਾਸਫ਼ੇਟ (codeine phosphate) ਜਿਹੀਆਂ ਗੋਲੀਆਂ ਨੁਸਖ਼ੇ ਵਿੱਚ ਹੁੰਦੀਆਂ ਹਨ।

ਕਿਰਿਆਸ਼ੀਲ ਸੋਜ਼ਸ਼ ਦਾ ਸਭ ਤੋਂ ਵਧੀਆ ਇਲਾਜ ਸਟੀਰੌਇਡ ਦਵਾਈਆਂ ਰਾਹੀਂ ਹੁੰਦਾ ਹੈ ਜਿਹੜੀਆਂ ਸੋਜ਼ਸ਼ ਤੇ ਉਸ ਦੇ ਦਰਦ ਨੂੰ ਘਟਾਉਂਦੀਆਂ ਹਨ। ਕੁਝ ਰੋਗੀਆਂ ਦੇ ਲਈ ਬਿਉਡਿਸੋਨਾਈਡ (budesonide) ਨਾਂ ਦੀ ਸਟੀਰੌਇਡ ਚੰਗੀ ਰਹਿੰਦੀ ਹੈ ਜਿਸ ਦੇ ਦੂਜੇ ਪ੍ਰਭਾਵ ਪ੍ਰੈਡਨੀਸੋਲੋਨ (prednisolone) ਨਾਲੋਂ ਘੱਟ ਹੁੰਦੇ ਹਨ। ਹਲਕੀ ਸੋਜ਼ਸ਼ ਦਾ ਇਲਾਜ ਮੈਸਲਾਜ਼ੀਨ ਜਾਂ ਸਲਫ਼ਾਸੈਲਾਜ਼ੀਨ ਨਾਲ ਕੀਤਾ ਜਾ ਸਕਦਾ ਹੈ।

ਕਈ ਵਾਰ ਕ੍ਰੋਹਨ ਰੋਗ ਆਂਦਰਾਂ ਵਿੱਚ ਰੁਕਾਵਟ ਪੈਦਾ ਕਰ ਦਿੰਦਾ ਹੈ ਅਤੇ ਜੇਕਰ ਦਵਾਈਆਂ ਦਾ ਇਲਾਜ ਕੰਮ ਨਾ ਕਰੇ ਤਾਂ ਉਪਰੇਸ਼ਨ ਕਰਨ ਤੇ ਵਿਚਾਰ ਕੀਤਾ ਜਾ ਸਕਦਾ ਹੈ। ਦੋ ਵਿਕਲਪ ਹਨ: ਜੇਕਰ ਆਂਦਰ ਦੇ ਭਾਗ ਬਹੁਤ ਵੱਧ ਸੁੱਜੇ ਹੋਏ ਹਨ ਤਾਂ ਇਨ੍ਹਾਂ ਨੂੰ ਕੱਢ ਕੇ ਸਿਹਤਮੰਦ ਭਾਗ ਨੂੰ ਜੋੜਿਆ ਜਾ ਸਕਦਾ ਹੈ। ਇਸ ਪ੍ਰਕਾਰ ਦੇ ਉਪਰੇਸ਼ਨ ਨੂੰ ਰਿਸੈਕਸ਼ਨ (resection) ਕਹਿੰਦੇ ਹਨ। ਹੋਰ ਰੋਗੀਆਂ ਦੀ ਛੋਟੀ ਆਂਦਰ ਵਿੱਚ ਤੰਗ ਹੋਏ ਭਾਗ ਹੋ ਸਕਦੇ ਹਨ ਜਿਨ੍ਹਾਂ ਦੀ ਰੁਕਾਵਟ ਨੂੰ ਹਟਾਉਣ ਲਈ ਉਪਰੇਸ਼ਨ ਦੁਆਰਾ ਖੁੱਲ੍ਹਾ ਕੀਤਾ ਜਾਂ ਖਿੱਚਿਆ ਜਾ ਸਕਦਾ ਹੈ।

ਕੁਝ ਇਹੋ ਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਦੀ ਵੱਡੀ ਆਂਦਰ ਵਿੱਚ ਕ੍ਰੋਹਨ ਰੋਗ ਬਹੁਤ ਵੱਧ ਹੋ ਸਕਦਾ ਹੈ ਅਤੇ ਉਨ੍ਹਾਂ ਦੇ ਲੱਛਣਾ ਨੂੰ ਦਵਾਈਆਂ ਰਾਹੀਂ ਇਲਾਜ ਤੋਂ ਕੋਈ ਲਾਭ ਨਹੀਂ ਹੁੰਦਾ ਹੈ। ਇਨ੍ਹਾਂ ਲੱਛਣਾਂ ਨੂੰ ਸਮਾਪਤ ਕਰਨ ਲਈ ਅਖੀਰ ਵੱਡੀ ਆਂਦਰ ਨੂੰ ਕੱਢਣ ਲਈ ਉਪਰੇਸ਼ਨ ਦੀ ਸਲਾਹ ਦਿੱਤੀ ਜਾ ਸਕਦੀ ਹੈ। (ਇਸ ਬਾਰੇ ਵਧੇਰੇ ਜਾਣਕਾਰੀ NACC ਦੀ Crohn's Disease 'ਤੇ ਦੂਜੀ ਪੁਸਤਕਾ ਵਿੱਚ ਸ਼ਾਮਲ ਹੈ।)

## ਮੇਰੀ ਖੁਰਾਕ ਦਾ ਕਿੰਨਾ ਮਹੱਤਵ ਹੈ?

ਸਿਹਤਮੰਦ ਸੰਤੁਲਿਤ ਖੁਰਾਕ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਜਾਂ ਕ੍ਰੋਹਨ ਰੋਗ ਤੋਂ ਪ੍ਰਭਾਵਿਤ ਵਿਅਕਤੀ ਲਈ ਓਨੀ ਹੀ ਮਹੱਤਵਪੂਰਨ ਹੈ ਜਿੰਨੀ ਕਿ ਕਿਸੇ ਹੋਰ ਲਈ। ਤੀਬਰ ਬਿਮਾਰੀ ਦੇ ਦਿਨਾਂ ਵਿੱਚ ਨਸ਼ਟ ਹੋਏ ਪੋਸ਼ਣ ਨੂੰ ਪੂਰਾ ਕਰਨ ਲਈ ਚੰਗੀ ਖੁਰਾਕ ਵਿਸ਼ੇਸ਼ ਕਰਕੇ ਮਹੱਤਵਪੂਰਨ ਹੈ। ਜੇਕਰ ਤੁਸੀਂ ਵੇਖਦੇ ਹੋ ਕਿ ਸਧਾਰਨ ਰਲਿਆ-ਮਿਲਿਆ ਭੋਜਨ ਬੈਰ ਕਿਸੇ ਭੈੜੇ ਪ੍ਰਭਾਵ ਦੇ ਖਾ ਸਕਦੇ ਹੋ ਤਾਂ ਇਸ ਭੋਜਨ ਨੂੰ ਜਾਰੀ ਰੱਖੋ।

ਹੋ ਸਕਦਾ ਹੈ ਕਿ ਤੁਸੀਂ ਵੇਖੋ ਕਿ ਇੱਕ ਖਾਣ ਦਾ ਪਦਾਰਥ ਜਿਵੇਂ ਕਿ ਫਲ, ਮੇਵਾ, ਮਸਾਲੇਦਾਰ ਜਾਂ ਵੱਧ ਘਿਓ ਦਾ ਭੋਜਨ ਤੁਹਾਨੂੰ ਵਧੇਰੇ ਦਸਤ ਲਿਆਉਂਦਾ ਹੈ। ਜੇਕਰ ਤੁਸੀਂ ਇਨ੍ਹਾਂ ਤੋਂ ਪ੍ਰਭਾਵਿਤ ਹੁੰਦੇ ਹੋ ਤਾਂ ਇਹੀ ਚੰਗਾ ਹੋਏਗਾ ਕਿ ਇਨ੍ਹਾਂ ਦੀ ਵਰਤੋਂ ਘੱਟ ਕਰ ਦਿਓ ਜਾਂ ਬਿਲਕੁਲ ਹੀ ਛੱਡ ਦਿਓ।

ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਅਤੇ ਕ੍ਰੋਹਨ ਰੋਗ ਦੀ ਦੇਖ-ਭਾਲ ਵਿੱਚ ਕੁਝ ਕੁ ਭੋਜਨ ਸੰਬੰਧਿਤ ਫ਼ਰਕ ਹੈ। ਕ੍ਰੋਹਨ ਰੋਗ ਵਿੱਚ ਕੁਝ ਕੁ ਵਿਸ਼ੇਸ਼ ਖਾਣ ਦੇ ਪਦਾਰਥਾਂ ਲਈ ਸੰਵੇਦਨਸ਼ੀਲਤਾ ਦੇ ਕਾਰਨ ਰੋਗ ਵੱਧ ਸਕਦਾ ਹੈ ਅਤੇ ਕੁਝ ਰੋਗੀਆਂ ਨੂੰ ਡਾਕਟਰ ਸਲਾਹ ਦੇ ਸਕਦਾ ਹੈ ਕਿ ਉਹ ਵਾਰੀ ਵਾਰੀ ਕੁਝ ਪਦਾਰਥਾਂ ਨੂੰ ਛੱਡ ਕੇ ਵੇਖਣ ਕਿ ਅਖੀਰ ਕਿਸ ਵਿਸ਼ੇਸ਼ ਨਾਲ ਸਥਿਤੀ ਵੱਧ ਵਿਗੜਦੀ ਹੈ।

ਵੱਡੀ ਆਂਦਰ ਨੂੰ ਅਰਾਮ ਦੇਣ ਨਾਲ ਉਸ ਦੇ ਜ਼ਖ਼ਮ ਤੇ ਸੋਜ਼ਸ਼ ਨੂੰ ਅਰਾਮ ਨਹੀਂ ਮਿਲਦਾ ਹੈ ਪਰੰਤੂ ਕ੍ਰੋਹਨ ਰੋਗ ਵਿੱਚ ਇਹ ਹੋ ਸਕਦਾ ਹੈ। ਵਿਸ਼ੇਸ਼ ਤੱਤਾਂ ਦੀ ਬਣੀ ਹੋਈ ਜਲ-ਰੂਪ ਖੁਰਾਕ ਚੰਗੀ ਤਰ੍ਹਾਂ ਪਚ ਜਾਂਦੀ ਹੈ ਤੇ ਵੱਡੀ ਆਂਦਰ ਤੱਕ ਪਹੁੰਚਣ ਲਈ ਕੁਝ ਬਚਦਾ ਹੀ ਨਹੀਂ ਹੈ। ਇਸ ਦਾ ਪ੍ਰਭਾਵ ਵੱਡੀ ਆਂਦਰ ਨੂੰ ਅਰਾਮ ਦੇਣ ਜਿਹਾ ਹੁੰਦਾ ਹੈ, ਇਸ ਨਾਲ ਸੋਜ਼ਸ਼ ਘਟਾਉਣ ਵਿੱਚ ਸਹਾਇਤਾ ਮਿਲ ਸਕਦੀ ਹੈ।

ਕ੍ਰੋਹਨ ਰੋਗ ਵਾਲੇ ਕੁਝ ਕੁ ਲੋਕਾਂ ਨੂੰ ਵਿਸ਼ੇਸ਼ ਖਾਣ ਦੇ ਪਦਾਰਥਾਂ ਨੂੰ ਪਚਾਉਣ ਵਿੱਚ ਮੁਸ਼ਕਲ ਹੋਣ ਕਾਰਨ ਵਿਸ਼ੇਸ਼ ਖੁਰਾਕ ਸੰਬੰਧਿਤ ਘਾਟ ਹੋ ਸਕਦੀ ਹੈ। ਇਕ ਵਾਰ ਇਹ ਘਾਟ ਪਤਾ ਚੱਲ ਜਾਏ ਤਾਂ ਉਚਿਤ ਖਾਣ ਦੇ ਪਦਾਰਥਾਂ ਦੀ ਸਹਾਇਤਾ ਨਾਲ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਦੇ ਰੋਗੀਆਂ ਵਿੱਚ ਖ਼ੂਨ ਜਾਣ ਨਾਲ ਉਸ ਦੀ ਘਾਟ (ਖ਼ੂਨ ਦੇ ਕਣਾਂ ਵਿੱਚ ਆਕਸੀਜਨ ਵਾਹਕ ਹੀਮੋਗਲੋਬਿਨ ਦੀ ਹਾਨੀ) ਹੋ ਸਕਦੀ ਹੈ ਜਿਸ ਨੂੰ ਲੋਹ-ਤੱਤ ਪੂਰਕ ਖੁਰਾਕ ਨਾਲ ਪੂਰਾ ਕੀਤਾ ਜਾਂਦਾ ਹੈ।

ਅਜੇ ਤੱਕ ਇਹੋ ਜਿਹੇ ਸਬੂਤ ਨਹੀਂ ਹਨ ਜਿਨ੍ਹਾਂ ਤੋਂ ਇਹ ਲੱਗੇ ਕਿ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਅਤੇ ਕ੍ਰੋਹਨ ਰੋਗ ਤੋਂ ਪੀੜਿਤ ਵਧੇਰੇ ਕਰਕੇ ਲੋਕਾਂ ਨੂੰ ਵਧੇਰੇ ਵਿਟਾਮਿਨ ਜਾਂ ਵਿਸ਼ੇਸ਼ ਖੁਰਾਕ ਪੂਰਕ ਦੀ ਲੋੜ ਪੈਂਦੀ ਹੈ।

## ਵਧੇਰੇ ਜਾਣਕਾਰੀ?

ਇਸ ਲੀਫਲੈਟ ਨੂੰ ਪੜ੍ਹਨ ਮਗਰੋਂ ਹੋ ਸਕਦਾ ਹੈ ਕਿ ਤੁਸੀਂ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ਅਤੇ ਕ੍ਰੋਹਨ ਰੋਗ ਬਾਰੇ ਵਧੇਰੇ ਜਾਣਨ ਦੀ ਇੱਛਾ ਕਰੋ। NACC ਦੇ ਕੋਲ ਇਨ੍ਹਾਂ ਦੋਹਾਂ ਬਾਰੇ ਖੁਰਾਕ ਤੇ IBD (Food and IBD) ਅਤੇ ਇਲਾਜ ਵਿੱਚ ਕੰਮ ਆਉਣ ਵਾਲੀਆਂ ਦਵਾਈਆਂ ਬਾਰੇ ਪੁਸਤਕਾਵਾਂ ਹਨ। ਤੁਸੀਂ ਨਾਲ ਦਿੱਤੇ ਹੋਏ ਫ਼ਾਰਮ ਨੂੰ ਭਰਨ ਨਾਲ NACC ਦੇ ਮੈਂਬਰ ਬਣ ਕੇ ਇਨ੍ਹਾਂ ਨੂੰ ਪ੍ਰਾਪਤ ਕਰ ਸਕਦੇ ਹੋ।

ਸਥਾਨਿਕ ਸੰਪਰਕ:

*ਦਿੱਤੀ ਹੋਈ ਜਾਣਕਾਰੀ NACC ਨੇ ਵਿਸ਼ੇ ਤੇ ਸਧਾਰਨ ਸਲਾਹ ਦੇ ਰੂਪ ਵਿੱਚ ਤਿਆਰ ਕੀਤੀ ਹੈ ਅਤੇ ਇਹ ਤੁਹਾਡੇ ਡਾਕਟਰ ਦੀ ਵਿਸ਼ੇਸ਼ ਸਲਾਹ ਦੀ ਥਾਂ ਲਏ, ਇਹ ਮਕਸਦ ਨਹੀਂ ਹੈ।*

**ਦੀ ਨੈਸ਼ਨਲ ਐਸੋਸੀਏਸ਼ਨ ਫ਼ਾਰ ਕੋਲਾਈਟਿਸ ਐਂਡ ਕ੍ਰੋਹਨਜ਼ ਡਿਜ਼ੀਜ਼**
(The National Association for Colitis and Crohn's Disease - NACC), 4 Beaumont House, Sutton Road,
St Albans, Hertfordshire, AL1 5HH

| | |
|---|---|
| ਸੂਚਨਾ ਲਾਈਨ | 0845 130 2233 |
| ਪ੍ਰਬੰਧ | 01727 830038 |
| ਫ਼ੈਕਸ | 01727 862550 |
| N-i-C ਸਹਾਇਤਾ ਲਾਈਨ | 0845 130 3344 |

ਵੈਬ-ਸਾਈਟ: www.nacc.org.uk
ਈਮੇਲ: nacc@nacc.org.uk

© NACC 2003

ਰਜਿਸਟਰਸ਼ੁਦਾ ਖ਼ੈਰਾਤੀ ਸੰਸਥਾ ਨੰ: 282732

## NACC ਦੀ ਮੈਂਬਰੀ ਲਈ ਪ੍ਰਾਰਥਨਾ ਫ਼ਾਰਮ

ਆਪਣੇ ਅਧਿਕਾਰ ਨਾਲ NACC ਦਾ ਮੈਂਬਰ ਬਣਨ ਲਈ ਤੁਹਾਡੀ ਉਮਰ ਘੱਟ ਤੋਂ ਘੱਟ 16 ਸਾਲ ਹੋਣੀ ਚਾਹੀਦੀ ਹੈ। ਬੱਚੇ ਵੱਲੋਂ ਮੈਂਬਰ ਬਣਨ ਲਈ ਮਾਂ-ਪਿਓ ਦਾ ਸੁਆਗਤ ਹੈ ਅਤੇ ਉਹ ਸਾਨੂੰ ਬੱਚੇ ਦਾ ਨਾਂ 'ਕਾਂਟ-ਵੇਟ' (Can't Wait - ਉਡੀਕ ਨਹੀਂ ਸਕਦੇ) ਕਾਰਡ ਵਿੱਚ ਛਾਪਣ ਲਈ ਅਧਿਕਾਰ ਦੇ ਸਕਦੇ ਹਨ। ਇੰਜ ਕਰਨ ਲਈ, ਬਸ ਇਸ ਫ਼ਾਰਮ ਦੇ ਥੱਲੇ ਦੇ ਭਾਗ ਵਿੱਚ ਵੇਰਵਾ ਦਿਓ।

ਕਿਰਪਾ ਕਰਕੇ ਵੱਡੇ ਅੱਖਰਾਂ ਵਿੱਚ ਲਿਖੋ

| | |
|---|---|
| ਤੁਹਾਡਾ ਵੰਸ਼ਨਾਮ: | |
| ਪਹਿਲਾ ਨਾਂ: | ਸ਼੍ਰੀ/ਸ਼੍ਰੀਮਤੀ/ਹੋਰ |
| ਪਤਾ: | |
| | ਪੋਸਟ ਕੋਡ |
| ਟੈਲੀਫ਼ੋਨ: | ਜਨਮ ਦੀ ਤਾਰੀਖ਼: |
| ਕਾਰੋਬਾਰ ਹੈ/ਸੀ | ਰੋਗ ਦੀ ਪਛਾਣ ਦੀ ਤਾਰੀਖ਼: |
| ਤੁਹਾਨੂੰ NACC ਬਾਰੇ ਕਿਵੇਂ ਪਤਾ ਲੱਗਿਆ? | |

ਕਿਰਪਾ ਕਰਕੇ ਪੁਸ਼ਟੀ ਕਰੋ ਕਿ ਤੁਸੀਂ ਸਾਨੂੰ ਤੁਹਾਡੀ ਮੈਂਬਰੀ ਬਾਰੇ NACC ਦੇ ਸੰਬੰਧਿਤ ਗਰੁੱਪਾਂ ਨੂੰ ਸੂਚਿਤ ਕਰਨ ਲਈ ਆਗਿਆ ਦਿੰਦੇ ਹੋ ਤਾਂਕਿ ਉਹ ਤੁਹਾਨੂੰ ਆਪਣੀਆਂ ਸਰਗਰਮੀਆਂ ਬਾਰੇ ਵੇਰਵਾ ਘੱਲ ਸਕਣ ☐ ਹਾਂ ☐ ਨਹੀਂ

ਕੀ ਤੁਸੀਂ ਹੋ:

☐ ਇੱਕ ਰੋਗੀ ☐ ਬੱਚੇ ਵੱਲੋਂ ਪ੍ਰਾਰਥਨਾ ਕਰਨ ਵਾਲੇ ਮਾਂ-ਪਿਓ ☐ ਹੋਰ ਰਿਸ਼ਤੇਦਾਰ ☐ ਮਿੱਤਰ ☐ ਸਿਹਤ ਪੇਸ਼ਾਵਰ

ਬਿਮਾਰੀ:

☐ ਕ੍ਰੋਹਨ ਰੋਗ ☐ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ ☐ ਪ੍ਰੋਕਟਾਈਟਿਸ ਹੋਰ

### ਮੈਂਬਰੀ ਚੰਦਾ

ਨਵੇਂ ਮੈਂਬਰ ਨੂੰ ਪਹਿਲੇ ਸਾਲ 12 ਪੌਂਡ ਦੇਣ ਲਈ ਆਖਿਆ ਜਾਂਦਾ ਹੈ ਤਾਂਕਿ ਦਿੱਤੀ ਜਾਣ ਵਾਲੀਆਂ ਪੁਸਤਕਾਂ ਦਾ ਖ਼ਰਚ ਪੂਰਾ ਕੀਤਾ ਜਾ ਸਕੇ। ਹਾਲ ਦੀ ਘੜੀ ਨਵੀਨੀਕਰਨ ਦਾ ਚੰਦਾ 10 ਪੌਂਡ ਪ੍ਰਤੀ ਸਾਲ ਹੈ। ਨਵੇਂ ਮੈਂਬਰ ਜਿਹੜੇ ਆਪਣੀ ਸਿਹਤ ਜਾਂ ਰੋਜ਼ੀ ਦੀ ਸਥਿਤੀ ਦੇ ਕਾਰਨ ਘੱਟ ਕਮਾਈ ਕਰਦੇ ਹਨ, 10 ਪੌਂਡ ਦੀ ਨੀਵੀਂ ਦਰ ਤੇ ਸ਼ਾਮਲ ਹੋ ਸਕਦੇ ਹਨ। ਐਸੋਸਿਏਸ਼ਨ ਦੇ ਕੰਮ ਵਿੱਚ ਸਹਾਇਤਾ ਕਰਨ ਲਈ ਵਧੇਰੇ ਦਾਨ ਦਾ ਸਦਾ ਸੁਆਗਤ ਹੈ। (ਪਰਦੇਸੀ ਮੈਂਬਰਾਂ ਨੂੰ ਪਹਿਲੇ ਸਾਲ 15 ਪੌਂਡ ਅਤੇ ਫਿਰ 12 ਪੌਂਡ ਪ੍ਰਤਿ ਸਾਲ ਸਟਰਲਿੰਗ ਡ੍ਰਾਫ਼ਟ ਦੁਆਰਾ ਭੁਗਤਾਨ ਕਰਨ ਲਈ ਆਖਿਆ ਜਾਂਦਾ ਹੈ।)

| | |
|---|---|
| ਚੰਦਾ (12 ਪੌਂਡ ਜਾਂ 10 ਪੌਂਡ) | ਪੌਂਡ |
| NACC ਨੂੰ ਦਾਨ | ਪੌਂਡ |
| ਜੋੜ | ਪੌਂਡ |

ਕਿਰਪਾ ਕਰਕੇ ਮੈਨੂੰ NACC ਦਾ ਮੈਂਬਰ ਬਣਾਓ। ਮੈਂ NACC ਨੂੰ ਮੇਰੀ ਦਿੱਤੀ ਹੋਈ ਨਿੱਜੀ ਜਾਣਕਾਰੀ ਨੂੰ ਆਪਣੇ ਕੋਲ ਰੱਖਣ ਤੇ ਮੇਰੀ ਮੈਂਬਰੀ ਦੇ ਸਿਲਸਿਲੇ ਵਿੱਚ ਵਰਤਣ ਦੀ ਆਗਿਆ ਦਿੰਦਾ/ਦਿੰਦੀ ਹਾਂ। NACC ਨੂੰ ਅਦਾ ਯੋਗ ਚੈੱਕ/ਪੋਸਟਲ ਆਰਡਰ ਨੱਥੀ ਹੈ।

ਹਸਤਾਖਰ ਤਾਰੀਖ਼

ਕੀ ਤੁਸੀਂ ਕਦੀ NACC ਦੇ ਮੈਂਬਰ ਰਹੇ ਹੋ? ☐ ਹਾਂ ☐ ਨਹੀਂ

ਜੇਕਰ ਤੁਸੀਂ ਬੱਚੇ ਵੱਲੋਂ ਪ੍ਰਾਰਥਨਾ ਕਰ ਰਹੇ ਹੋ ਜਾਂ ਤੁਸੀਂ ਰੋਗੀ ਦੇ ਰਿਸ਼ਤੇਦਾਰ ਹੋ ਤਾਂ ਤੁਸੀਂ 'ਕਾਂਟ ਵੇਟ' ਕਾਰਡ 'ਤੇ ਛਾਪਣ ਲਈ ਉਨ੍ਹਾਂ ਦਾ ਨਾਂ ਦੇ ਸਕਦੇ ਹੋ। ਜੇਕਰ ਬਾਲ ਹਨ ਤਾਂ ਉਨ੍ਹਾਂ ਨੂੰ ਇਹ ਪੁਸ਼ਟੀ ਕਰਨ ਲਈ ਕਿ ਅਸੀਂ ਉਨ੍ਹਾਂ ਦੀ ਨਿੱਜੀ ਜਾਣਕਾਰੀ ਨੂੰ ਰੱਖ ਸਕਦੇ ਹਾਂ, ਹੇਠਾਂ ਹਸਤਾਖਰ ਕਰਨੇ ਹੋਣਗੇ। ਇਸੇ ਤਰ੍ਹਾਂ ਮਾਂ ਜਾਂ ਪਿਓ ਨੂੰ ਬੱਚੇ ਵੱਲੋਂ ਹਸਤਾਖਰ ਕਰਨੇ ਚਾਹੀਦੇ ਹਨ।

| | |
|---|---|
| ਬੱਚੇ ਜਾਂ ਰੋਗੀ ਦਾ ਪੂਰਾ ਨਾਂ | ਜਨਮ ਦੀ ਤਾਰੀਖ਼ |
| ਬਿਮਾਰੀ | ਰੋਗ ਪਛਾਣਨ ਦੀ ਤਾਰੀਖ਼ |

ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ NACC ਮੇਰੇ ਬੱਚੇ ਦੀ/ ਮੇਰੀ ਉਪਰੋਕਤ ਜਾਣਕਾਰੀ ਨੂੰ ਰੱਖੇ ☐ ਹਾਂ ☐ ਨਹੀਂ

ਮੈਂ ਪੁਸ਼ਟੀ ਕਰਦਾ/ਕਰਦੀ ਹਾ ਕਿ NACC ਉਪਰੋਕਤ ਜਾਣਕਾਰੀ ਨੂੰ ਸੰਬੰਧਿਤ NACC ਗਰੁੱਪ ਨੂੰ ਘੱਲੇ ☐ ਹਾਂ ☐ ਨਹੀਂ

ਹਸਤਾਖਰ: ____________________
ਉਪਰੋਕਤ ਰੋਗੀ ਜਾਂ ਬੱਚੇ ਦੇ ਮਾਂ ਜਾਂ ਪਿਓ

ਦਫ਼ਤਰ ਦੀ ਵਰਤੋਂ ਲਈ ਪ੍ਰਾਪਤ ____ ਨੰਬਰ ____ ਖੇਤਰੀ ਗਰੁੱਪ ____

**National Association for Colitis and Crohn's Disease**
4 Beaumont House, Sutton Road, St Albans, Herts, AL1 5HH. ਜਾਣਕਾਰੀ: 0845 130 2233 ਪ੍ਰਬੰਧ: 01727 830038

ਇਸ ਫ਼ਾਰਮ ਵਿੱਚ ਮੰਗੀ ਗਈ ਨਿੱਜੀ ਜਾਣਕਾਰੀ ਤੁਹਾਨੂੰ ਐਸੋਸੀਏਸ਼ਨ ਦਾ ਮੈਂਬਰ ਬਣਾਉਣ ਲਈ ਅਤੇ ਤੁਹਾਡੀ ਮੈਂਬਰੀ ਨਾਲ ਸੰਬੰਧਿਤ ਜਾਣਕਾਰੀ ਘੱਲਣ ਲਈ NACC ਨੂੰ ਚਾਹੀਦੀ ਹੈ। NACC ਦੀ ਜਾਣਕਾਰੀ ਸੁਰੱਖਿਆ ਨੀਤੀ ਤੇ ਪ੍ਰਣਾਲੀ (Data Protection Policy and Procedure) ਦਾ ਵੇਰਵਾ ਡਾਇਰੈਕਟਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

# ਐਸੋਸੀਏਸ਼ਨ ਬਾਰੇ

ਇੱਕ ਰਾਸ਼ਟਰੀ ਐਸੋਸੀਏਸ਼ਨ ਦੇ ਰੂਪ ਵਿੱਚ NACC ਦੀ ਸਥਾਪਨਾ 1979 ਵਿੱਚ ਕੀਤੀ ਗਈ ਸੀ ਅਤੇ ਹੁਣ ਸਾਰੇ ਯੂਕੇ ਵਿੱਚ ਇਸ ਦੇ ਲਗ-ਪਗ 30,000 ਮੈਂਬਰ ਤੇ 70 ਗਰੁੱਪ ਹਨ। ਅਸੀਂ ਹਰ ਕਿਸੇ ਜਿਸ ਨੂੰ ਵੱਡੀ ਆਂਦਰ ਵਿੱਚ ਜ਼ਖ਼ਮ ਤੇ ਸੋਜ਼ਸ਼ (UC) ਜਾਂ ਕ੍ਰੋਹਨ ਰੋਗ ਹੈ, ਉਨ੍ਹਾਂ ਦੇ ਪਰਵਾਰ ਦੇ ਲੋਕ ਤੇ ਮਿੱਤਰ, ਸਿਹਤ ਪੇਸ਼ਾਵਰ ਜਾਂ ਕੋਈ ਵੀ ਜਿਸ ਨੂੰ ਐਸੋਸੀਏਸ਼ਨ ਦੇ ਉਦੇਸ਼ਾਂ ਨਾਲ ਹਮਦਰਦੀ ਹੈ ਦਾ ਮੈਂਬਰ ਦੇ ਰੂਪ ਵਿੱਚ ਸੁਆਗਤ ਕਰਦੇ ਹਾਂ।

**ਮੈਂਬਰਾਂ** ਨੂੰ ਇੱਕ ਤਿਮਾਹੀ **ਸਮਾਚਾਰ ਪੱਤ੍ਰਿਕਾ** ਮਿਲਦੀ ਹੈ ਅਤੇ ਉਹ ਅਨੇਕ ਪੁਸਤਕਾਵਾਂ ਲਈ ਮੰਗ ਕਰ ਸਕਦੇ ਹਨ। ਜਾਣਕਾਰੀ ਪੱਤਰ ਵੀ ਉਪਲਬਧ ਹਨ ਅਤੇ NACC ਦੀ ਵੈਬ-ਸਾਈਟ (www.nacc.org.uk) ਵੀ।

NACC **ਮੈਂਬਰੀ ਤੇ 'ਕਾਂਟ ਵੇਟ'** (ਉਡੀਕ ਨਹੀਂ ਸਕਦੇ) ਦਾ ਇੱਕ ਸੰਯੁਕਤ ਕਾਰਡ ਜਾਰੀ ਕਰਦੀ ਹੈ ਜਿਸ ਦਾ ਨਵੀਨੀਕਰਨ ਹਰ ਸਾਲ ਕੀਤਾ ਜਾਂਦਾ ਹੈ। ਕਾਰਡ 'ਤੇ ਲਿਖਿਆ ਹੈ 'ਕਿਰਪਾ ਕਰਕੇ ਸਹਾਇਤਾ ਕਰੋ; ਇੱਕ ਬਿਮਾਰੀ ਦੇ ਕਾਰਨ, ਜੋ ਲਾਗ ਦੀ ਨਹੀਂ ਹੈ, ਸਾਡੇ ਮੈਂਬਰ ਨੂੰ ਸ਼ੌਚ-ਘਰ ਦੀ ਸੁਵਿਧਾ ਤੁਰੰਤ ਲੋੜੀਂਦੀ ਹੈ।'

**NACC ਗਰੁੱਪਾਂ** ਨੂੰ ਸਥਾਨਿਕ ਵਲੰਟੀਅਰ ਚਲਾਉਂਦੇ ਹਨ ਅਤੇ ਸਿਖਿਆ ਤੇ ਸਹਾਇਤਾ ਲਈ ਮੀਟਿੰਗਾਂ ਕਰਦੇ ਹਨ, ਸਥਾਨਿਕ ਪ੍ਰਚਾਰ ਤੇ ਕੋਸ਼ ਜਮ੍ਹਾ ਕਰਨ ਦੀਆਂ ਸਰਗਰਮੀਆਂ ਚਲਾਉਂਦੇ ਹਨ ਅਤੇ ਸਥਾਨਿਕ ਸੰਪਰਕ ਸਥਾਨ ਮੁਹਈਆ ਕਰਦੇ ਹਨ। ਹਰੇਕ ਗਰੁੱਪ ਦਾ ਇੱਕ ਮੈਡੀਕਲ ਸਲਾਹਕਾਰ ਹੁੰਦਾ ਹੈ।

ਸਮਾਈਲੀ ਲੋਕ ਨੈੱਟਵਰਕ (Smilie's People Network) ਉਨ੍ਹਾਂ ਪਰਵਾਰਾਂ ਦੀ ਸਹਾਇਤਾ ਕਰਦੇ ਹਨ ਜਿਨ੍ਹਾਂ ਦੇ ਘਰ ਕਿਸੇ ਬੱਚੇ ਨੂੰ ਕ੍ਰੋਹਨ ਰੋਗ ਜਾਂ UC ਹੈ।

ਹੋਰ ਸੇਵਾਵਾਂ ਵਿੱਚ **NACC-ਇਨ-ਕਾਂਟੈਕਟ** ਸ਼ਾਮਲ ਹੈ ਜੋ ਵਲੰਟੀਅਰਾਂ ਦਾ ਰਾਸ਼ਟਰੀ ਨੈੱਟਵਰਕ ਹੈ ਅਤੇ ਟੈਲੀਫ਼ੋਨ 'ਤੇ ਰਾਜ਼ਦਾਰੀ ਵਿੱਚ ਸਹਾਇਤਾ ਕਰਨ ਲਈ ਸੁਣਨ ਦੀ ਸੇਵਾ ਦਿੰਦੇ ਹਨ। ਹਕੀਕੀ ਪ੍ਰਸ਼ਨਾਂ ਲਈ ਜਾਣਕਾਰੀ ਲਾਈਨ ਚਲਾਉਂਦੇ ਹਨ ਅਤੇ ਉਨ੍ਹਾਂ ਕੋਲ ਇੱਕ ਕਲਿਆਣਕਾਰੀ ਕੋਸ਼ ਹੈ ਜਿਸ ਵਿੱਚੋਂ IBD ਕਾਰਨ ਪੈਦਾ ਹੋਈਆਂ ਲੋੜਾਂ ਲਈ ਗ੍ਰਾਂਟ ਦਿੰਦੇ ਹਨ। ਅਪੰਗਤਾ ਲਾਭ-ਹਿੱਤਾਂ ਬਾਰੇ ਜਾਣਕਾਰੀ ਵੀ ਉਪਲਭਧ ਹੈ।

NACC ਦੇ ਮੈਂਬਰਾਂ ਨੇ ਸਾਰੇ ਦੇਸ ਦੇ ਹਸਪਤਾਲਾਂ ਵਿੱਚ ਖੋਜ ਪ੍ਰਾਜੈੱਕਟਾਂ ਲਈ 3 ਮਿਲੀਅਨ ਪੌਂਡ ਦਾ ਕੋਸ਼ ਉਪਲਬਧ ਕੀਤਾ ਹੈ। ਸਾਡਾ **ਖੋਜ ਫ਼ੰਡ** ਹਰ ਸਾਲ ਨਵੇਂ ਪ੍ਰਾਜੈੱਕਟਾਂ ਲਈ ਗ੍ਰਾਂਟ ਦਿੰਦਾ ਹੈ।

# ਮੈਂਬਰੀ ਚੰਦਾ

ਨਵੇਂ ਮੈਂਬਰ ਨੂੰ ਪਹਿਲੇ ਸਾਲ 12 ਪੌਂਡ ਦੇਣ ਲਈ ਆਖਿਆ ਜਾਂਦਾ ਹੈ ਤਾਂਕਿ ਦਿੱਤੀਆਂ ਜਾਣ ਵਾਲੀਆਂ ਪੁਸਤਕਾਂ ਦਾ ਖ਼ਰਚ ਪੂਰਾ ਕੀਤਾ ਜਾ ਸਕੇ। ਹਾਲ ਦੀ ਘੜੀ ਨਵੀਨੀਕਰਨ ਦਾ ਚੰਦਾ 10 ਪੌਂਡ ਪ੍ਰਤੀ ਸਾਲ ਹੈ। ਨਵੇਂ ਮੈਂਬਰ ਜਿਹੜੇ ਆਪਣੀ ਸਿਹਤ ਜਾਂ ਰੋਜ਼ੀ ਦੀ ਸਥਿਤੀ ਦੇ ਕਾਰਨ ਘੱਟ ਕਮਾਈ ਕਰਦੇ ਹਨ, 10 ਪੌਂਡ ਦੀ ਨੀਵੀਂ ਦਰ ਤੇ ਸ਼ਾਮਲ ਹੋ ਸਕਦੇ ਹਨ।

ਐਸੋਸੀਏਸ਼ਨ ਦੇ ਕੰਮ ਵਿੱਚ ਸਹਾਇਤਾ ਕਰਨ ਲਈ ਵਧੇਰੇ ਦਾਨ ਦਾ ਸਦਾ ਸੁਆਗਤ ਹੈ।

NACC ਆਪਣੇ ਮੈਂਬਰਾਂ 'ਤੇ ਐਸੋਸੀਏਸ਼ਨ ਦੀ ਸ੍ਵੈ-ਇੱਛਤ ਸਹਾਇਤਾ ਲਈ ਨਿਰਭਰ ਕਰਦੀ ਹੈ। ਜੇਕਰ ਤੁਸੀਂ ਆਪ NACC ਨੂੰ ਰਾਸ਼ਟਰੀ ਪੱਧਰ 'ਤੇ ਜਾਂ ਸਥਾਨਿਕ NACC ਗਰੁੱਪ ਨੂੰ ਆਪਣਾ ਸਮੇ ਜਾਂ ਸਹਾਇਤਾ ਦੇ ਸਕਦੇ ਹੋ ਤਾਂ ਕਿਰਪਾ ਕਰਕੇ ਵੇਰਵਾ ਦਿਓ।